# WA Cares Fund
# ਹੱਕ ਅਤੇ ਜ਼ਿੰਮੇਵਾਰੀਆਂ

**WA Cares Fund**
**Rights and Responsibilities**

| ਲਾਭਪਾਤਰੀ ਦਾ ਨਾਮ |
|---|
| WA Cares ਆਈਡੀ ਨੰਬਰ |

| ਤੁਹਾਡੇ ਹੱਕ | ਤੁਹਾਡੀਆਂ ਜ਼ਿੰਮੇਵਾਰੀਆਂ |
|---|---|
| ਲਾਭਾਂ ਲਈ ਯੋਗ ਹੋਣ ਦਾ ਮਤਲਬ ਹੈ ਕਿ ਤੁਹਾਨੂੰ WA Cares Fund ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਕਿਸੇ ਵੀ ਸੇਵਾਵਾਂ ਅਤੇ ਸਹਾਇਤਾ ਲਈ ਮਨਜ਼ੂਰੀ ਦਿੱਤੀ ਗਈ ਹੈ, ਅਤੇ ਤੁਸੀਂ ਚੁਣ ਸਕਦੇ ਹੋ ਕਿ ਤੁਸੀਂ ਕਿਹੜੀਆਂ ਸੇਵਾਵਾਂ ਦੀ ਵਰਤੋਂ ਕਰਨਾ ਚਾਹੁੰਦੇ ਹੋ।<br>ਤੁਹਾਨੂੰ ਇਹ ਹੱਕ ਹੈ:<br>• ਤੁਹਾਡੇ ਨਾਲ ਸਨਮਾਨ, ਇੱਜ਼ਤ ਅਤੇ ਬਿਨਾਂ ਕਿਸੇ ਭੇਦਭਾਵ ਦੇ ਵਿਵਹਾਰ ਕੀਤਾ ਜਾਵੇ।<br>• ਇੱਕ ਵਾਰ ਯੋਗ ਹੋਣ 'ਤੇ, ਆਪਣੀਆਂ ਲੋੜਾਂ ਪੂਰੀਆਂ ਕਰਨ ਵਾਲੀਆਂ ਪ੍ਰਵਾਨਿਤ ਸੇਵਾਵਾਂ ਦੀ ਚੋਣ ਕਰੋ।<br>• ਲੰਬੇ-ਸਮੇਂ ਦੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਦਾਤਾਵਾਂ ਦੀ ਚੋਣ ਕਰੋ ਜਾਂ ਬਦਲੋ।<br>• ਯੋਗਤਾ ਦੇ ਨਿਰਧਾਰਨ ਦੀ ਸੂਚਨਾ ਪ੍ਰਾਪਤ ਕਰੋ।<br>• ਆਪਣੇ ਪਸੰਦੀਦਾ ਤਰੀਕੇ ਨਾਲ ਲਿਖਤੀ ਸਮੱਗਰੀ ਪ੍ਰਾਪਤ ਕਰੋ।<br>• ਆਪਣੀ ਪਸੰਦੀਦਾ ਭਾਸ਼ਾ ਵਿੱਚ ਲਿਖਤੀ ਸਮੱਗਰੀ ਪ੍ਰਾਪਤ ਕਰੋ।<br>• ਮੁਫਤ ਵਿੱਚ ਦੁਭਾਸ਼ੀਆ ਸੇਵਾਵਾਂ ਪ੍ਰਦਾਨ ਕਰਵਾਈਆਂ ਜਾਣ।<br>• ਬਿਨਾਂ ਕਿਸੇ ਨੁਕਸਾਨ ਦੇ ਡਰ ਤੋਂ ਸ਼ਿਕਾਇਤ ਕਰੋ।<br>• ਆਪਣੇ ਖਾਤੇ ਵਿੱਚ ਇੱਕ ਅਧਿਕਾਰਤ ਵਰਤੋਂਕਾਰ ਨੂੰ ਨਿਯੁਕਤ ਕਰੋ ਜਾਂ ਹਟਾਓ।<br>• ਸਵਾਲਾਂ ਦੇ ਜਵਾਬ ਦੇਣ ਜਾਂ ਯੋਗਤਾ ਨਿਰਧਾਰਨ ਪ੍ਰਕਿਰਿਆ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰੋ। ਇਸ ਨਾਲ ਯੋਗਤਾ ਦੇ ਨਤੀਜਿਆਂ ਅਤੇ ਲਾਭਾਂ ਤੱਕ ਪਹੁੰਚ 'ਤੇ ਅਸਰ ਪੈ ਸਕਦਾ ਹੈ।<br>• ਵਿਭਾਗ ਦੁਆਰਾ ਕੀਤੇ ਗਏ ਨਿਰਧਾਰਨਾਂ ਵਿਰੁੱਧ ਅਪੀਲ ਕਰੋ। | ਤੁਸੀਂ ਇਹਨਾਂ ਲਈ ਜ਼ਿੰਮੇਵਾਰ ਹੋ:<br>• ਲੋੜੀਂਦੀਆਂ ਪ੍ਰਵਾਨਿਤ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਜਾਂ ਇੱਕ ਤੋਂ ਵੱਧ ਲੰਬੇ-ਸਮੇਂ ਦੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਦਾਤਾ(ਵਾਂ) ਦੀ ਚੋਣ ਕਰਨਾ।<br>• ਪ੍ਰਵਾਨਿਤ ਸੇਵਾਵਾਂ ਦੇ ਦਾਇਰੇ ਵਿੱਚ ਇੱਕ ਜਾਂ ਇੱਕ ਤੋਂ ਵੱਧ ਲੰਬੇ-ਸਮੇਂ ਦੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਦਾਤਾ(ਵਾਂ) ਨਾਲ ਸੇਵਾ ਪ੍ਰਦਾਨਗੀ ਅਤੇ ਦਰਾਂ ਬਾਰੇ ਗੱਲਬਾਤ ਕਰਨਾ।<br>• ਲੰਬੇ-ਸਮੇਂ ਦੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਦਾਤਾ ਦੁਆਰਾ ਸੇਵਾ ਪ੍ਰਦਾਨ ਕਰਨ ਤੋਂ ਪਹਿਲਾਂ ਪੂਰਵ-ਪ੍ਰਮਾਣੀਕਰਣਾਂ ਨੂੰ ਮਨਜ਼ੂਰ ਜਾਂ ਅਸਵੀਕਾਰ ਕਰਨਾ।<br>• ਵਿਭਾਗ ਨੂੰ ਇੱਕ ਕਾਨੂੰਨੀ ਪ੍ਰਤੀਨਿਧ ਬਾਰੇ ਸੂਚਿਤ ਕਰਨਾ ਜੋ ਤੁਹਾਡੀ ਤਰਫੋਂ ਕੰਮ ਕਰੇਗਾ।<br>• ਤਬਦੀਲੀ ਦੇ 30 ਕੈਲੰਡਰ ਦਿਨਾਂ ਦੇ ਅੰਦਰ ਰਿਹਾਇਸ਼, ਸੰਪਰਕ ਜਾਣਕਾਰੀ, ਜਾਂ ਨਾਮ ਵਿੱਚ ਤਬਦੀਲੀਆਂ ਬਾਰੇ ਵਿਭਾਗ ਨੂੰ ਸੂਚਿਤ ਕਰਨਾ।<br>• ਜੇਕਰ ਚਾਹੋ, ਤਾਂ ਆਪਣੇ ਖਾਤੇ ਲਈ ਅਧਿਕਾਰਤ ਵਰਤੋਂਕਾਰਾਂ ਨੂੰ ਨਿਯੁਕਤ ਕਰਨਾ।<br>• ਕਿਸੇ ਵੀ ਅਧਿਕਾਰਤ ਵਰਤੋਂਕਾਰ ਦੀਆਂ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਿਤ ਕਰਨਾ।<br>• ਸੇਵਾਵਾਂ ਪ੍ਰਦਾਨ ਕਰਨ ਵਾਲੇ ਲੰਬੇ-ਸਮੇਂ ਦੀਆਂ ਸੇਵਾਵਾਂ ਅਤੇ ਸਹਾਇਤਾ ਪ੍ਰਦਾਤਾਵਾਂ ਲਈ ਇੱਕ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰਨਾ; ਅਤੇ ਜੇਕਰ ਪ੍ਰਾਪਤ ਹੋਵੇ, ਤਾਂ ਪ੍ਰਦਾਤਾ ਦੀ ਪਿਛੋਕੜ ਜਾਂਚ ਦੇ ਨਤੀਜਿਆਂ ਨੂੰ ਚੈਪਟਰ 43.43 ਵਾਸ਼ਿੰਗਟਨ ਦਾ ਸੋਧਿਆ ਹੋਇਆ ਕੋਡ (RCW) ਦੇ ਅਨੁਸਾਰ ਗੁਪਤ ਰੱਖਣਾ।<br>• ਬੇਨਤੀ ਕੀਤੇ ਜਾਣ 'ਤੇ WA Cares ਜਾਂ ਪ੍ਰਦਾਤਾਵਾਂ ਨੂੰ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਾਉਣਾ। |

## ਵੋਟਰ ਰਜਿਸਟ੍ਰੇਸ਼ਨ ਸੇਵਾਵਾਂ

ਰਾਸ਼ਟਰੀ ਵੋਟਰ ਰਜਿਸਟ੍ਰੇਸ਼ਨ ਕਾਨੂੰਨ (National Voter Registration Act), 1993 ਚਾਹੁੰਦਾ ਹੈ ਕਿ ਸਾਰੀਆਂ ਸਟੇਟਾਂ, ਆਪਣੇ ਸਰਕਾਰੀ ਸਹਾਇਤਾ ਦਫ਼ਤਰਾਂ ਰਾਹੀਂ ਵੋਟਰ ਰਜਿਸਟ੍ਰੇਸ਼ਨ ਸਹਾਇਤਾ ਮੁਹੱਈਆ ਕਰਾਉਣ। ਵੋਟ ਪਾਉਣ ਲਈ ਰਜਿਸਟਰ ਕਰਨ ਲਈ ਅਰਜ਼ੀ ਦੇਣ ਜਾਂ ਰਜਿਸਟਰ ਕਰਨ ਤੋਂ ਇਨਕਾਰ ਕਰਨ ਦਾ ਤੁਹਾਡੇ ਦੁਆਰਾ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਜਾਂ ਲਾਭਾਂ 'ਤੇ ਕੋਈ ਅਸਰ ਨਹੀਂ ਪਵੇਗਾ। ਜੇ ਤੁਸੀਂ ਵੋਟਰ ਰਜਿਸਟ੍ਰੇਸ਼ਨ ਫ਼ਾਰਮ ਭਰਨ ਲਈ ਮਦਦ ਚਾਹੁੰਦੇ ਹੋ, ਤਾਂ ਅਸੀਂ ਤੁਹਾਡੀ ਮਦਦ ਕਰਾਂਗੇ। ਵੋਟ ਪਾਉਣ ਲਈ ਰਜਿਸਟਰ ਕਰਨ ਜਾਂ ਰਜਿਸਟਰ ਕਰਨ ਤੋਂ ਇਨਕਾਰ ਕਰਨ ਦਾ ਤੁਹਾਡਾ ਫੈਸਲਾ ਗੁਪਤ ਰੱਖਿਆ ਜਾਵੇਗਾ ਅਤੇ ਸਿਰਫ ਵੋਟਰ ਰਜਿਸਟ੍ਰੇਸ਼ਨ ਲਈ ਵਰਤਿਆ ਜਾਵੇਗਾ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੇ ਵੋਟ ਪਾਉਣ ਲਈ ਰਜਿਸਟਰ ਕਰਨ ਜਾਂ ਰਜਿਸਟਰ ਕਰਨ ਤੋਂ ਇਨਕਾਰ ਕਰਨ ਦੇ ਤੁਹਾਡੇ ਅਧਿਕਾਰ, ਇਹ ਫੈਸਲਾ ਕਰਨ ਵਿੱਚ ਤੁਹਾਡੀ ਗੋਪਨੀਯਤਾ ਦੇ ਅਧਿਕਾਰ ਕਿ ਰਜਿਸਟਰ ਕਰਨਾ ਹੈ ਜਾਂ ਨਹੀਂ ਜਾਂ ਰਜਿਸਟਰ ਕਰਨ ਲਈ ਅਰਜ਼ੀ ਦੇਣ ਵਿੱਚ, ਜਾਂ ਆਪਣੀ ਰਾਜਨੀਤਿਕ ਪਾਰਟੀ ਜਾਂ ਰਾਜਨੀਤਿਕ ਤਰਜੀਹ ਚੁਣਨ ਦੇ ਤੁਹਾਡੇ ਅਧਿਕਾਰ ਵਿੱਚ ਦਖਲਅੰਦਾਜ਼ੀ ਕੀਤੀ ਹੈ, ਤਾਂ ਤੁਸੀਂ ਇੱਥੇ ਸ਼ਿਕਾਇਤ ਦਰਜ ਕਰ ਸਕਦੇ ਹੋ:

Washington State Elections Office
PO Box 40229
Olympia, WA  98504 – 0229
1 (800) 448-4881

| ਸਹਾਇਤਾ | | |
|---|---|---|
| ਸਹਾਇਤਾ ਲਈ WA Cares ਨਾਲ ਸੰਪਰਕ ਕਰੋ: 1-884-CARE4WA (844-227-3492). | | |
| ਲਾਭਪਾਤਰੀ ਜਾਂ ਕਾਨੂੰਨੀ ਪ੍ਰਤੀਨਿਧ ਦੇ ਦਸਤਖਤ | | |
| ਦਸਤਖਤ ਕਰਕੇ, ਤੁਸੀਂ ਇਹ ਸਵੀਕਾਰ ਕਰ ਰਹੇ ਹੋ ਕਿ ਤੁਸੀਂ ਆਪਣੇ ਹੱਕ ਅਤੇ ਜ਼ਿੰਮੇਵਾਰੀਆਂ ਪ੍ਰਾਪਤ ਕਰ ਲਈਆਂ ਹਨ। | | |
| ਲਾਭਪਾਤਰੀ ਦੇ ਦਸਤਖਤ | ਤਾਰੀਖ਼ | ਲਿਖਿਆ ਗਿਆ ਨਾਂ |
| ਕਾਨੂੰਨੀ ਪ੍ਰਤੀਨਿਧ ਦੇ ਦਸਤਖਤ<br>(ਜੇਕਰ ਲਾਗੂ ਹੋਵੇ) | ਤਾਰੀਖ਼ | ਲਿਖਿਆ ਗਿਆ ਨਾਂ |
| ਗਵਾਹ ਦੇ ਦਸਤਖਤ<br>(ਜੇਕਰ "X" ਨਾਲ ਦਸਤਖਤ ਕੀਤੇ ਹੋਣ) | ਤਾਰੀਖ਼ | ਲਿਖਿਆ ਗਿਆ ਨਾਂ |

ਗਾਹਕਾਂ ਅਤੇ ਕਰਮਚਾਰੀਆਂ ਲਈ ਨੋਟਿਸ (ਟਾਈਟਲ **VI** ਅਤੇ **VII**): ਵਾਸ਼ਿੰਗਟਨ ਸਟੇਟ ਦਾ ਸਮਾਜਿਕ ਅਤੇ ਸਿਹਤ ਸੇਵਾਵਾਂ ਵਿਭਾਗ (Department of Social and Health Services) ਇੱਕ ਸਮਾਨ ਮੌਕੇ ਪ੍ਰਦਾਨ ਕਰਨ ਵਾਲਾ ਰੋਜ਼ਗਾਰਦਾਤਾ ਹੈ ਅਤੇ ਰੁਜ਼ਗਾਰ ਦੇ ਕਿਸੇ ਵੀ ਖੇਤਰ, ਇਸਦੇ ਪ੍ਰੋਗਰਾਮਾਂ ਜਾਂ ਸੇਵਾਵਾਂ ਵਿੱਚ ਉਮਰ, ਲਿੰਗ, ਜਿਨਸੀ ਝੁਕਾਅ, ਲਿੰਗ, ਲਿੰਗ ਪਛਾਣ/ਪ੍ਰਗਟਾਵੇ, ਵਿਆਹੁਤਾ ਸਥਿਤੀ, ਨਸਲ, ਧਰਮ, ਰੰਗ, ਰਾਸ਼ਟਰੀ ਮੂਲ, ਧਰਮ ਜਾਂ ਵਿਸ਼ਵਾਸ, ਰਾਜਨੀਤਿਕ ਮਾਨਤਾ, ਫੌਜੀ ਸਥਿਤੀ, ਸਨਮਾਨ ਨਾਲ ਸੇਵਾਮੁਕਤ ਹੋਏ ਸਾਬਕਾ ਫੌਜੀ, ਵੀਅਤਨਾਮ ਯੁੱਗ, ਹਾਲ ਹੀ ਵਿੱਚ ਵੱਖ ਹੋਏ ਜਾਂ ਹੋਰ ਸੁਰੱਖਿਅਤ ਸਾਬਕਾ ਫੌਜੀ ਸਥਿਤੀ, ਕਿਸੇ ਵੀ ਸੰਵੇਦੀ, ਮਾਨਸਿਕ, ਸਰੀਰਕ ਅਪੰਗਤਾ ਦੀ ਮੌਜੂਦਗੀ ਜਾਂ ਕਿਸੇ ਅਪੰਗ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਗਾਈਡ ਕੁੱਤੇ ਜਾਂ ਸੇਵਾ ਜਾਨਵਰ ਦੀ ਵਰਤੋਂ, ਬਰਾਬਰ ਤਨਖਾਹ ਜਾਂ ਜੈਨੇਟਿਕ ਜਾਣਕਾਰੀ ਦੇ ਅਧਾਰ 'ਤੇ ਵਿਤਕਰਾ ਨਹੀਂ ਕਰਦਾ ਹੈ।